**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,**
**ਐਸ ਸੀ ਓ-104-106, ਸੈਕਟਰ- 34 ਏ, ਚੰਡੀਗੜ੍ਹ**
**ਫੋਨ ਨੰ: 2623207, 2621106, 2624673, ਫੈਕਸ ਨੰ: 2624687, 2323206**

---

ਸੇਵਾ ਵਿੱਖੇ,

1. ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ, (ਸੈ.ਸਿ.)
2. ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ, (ਐ.ਸਿ.)

ਮੀਮੋ ਨੰ : 13/2-2009/ਸਸਅ/ਐਮ.ਆਈ.ਐਸ/ਡਾਈਸ/24189
ਮਿਤੀ : ਚੰਡੀਗੜ੍ਹ 8 ਫਰਵਰੀ, 2010

**ਵਿਸ਼ਾ: ਡਾਈਸ ਡਾਟਾ ਦੀ ਮੁੜ ਜਾਂਚ ਕਰਵਾਉਣ ਬਾਰੇ।**

1.0 ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਮੀਮੋ ਨੰ: ਸਸਅ/ਐਮ.ਆਈ.ਐਸ./3202 ਮਿਤੀ 25.01.2009 ਅਤੇ 03-02-2009 ਨੂੰ ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ, (ਐ.ਸਿ.) ਨਾਲ ਸਲਾਨਾ ਪਲਾਨ ਸਬੰਧੀ ਮੀਟਿੰਗ ਵਿੱਚ ਹੋਈ ਗੱਲਬਾਤ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਾਲ 2009-10 ਵਿਚ ਡਾਈਸ ਸਰਵੇ ਅਧੀਨ ਸਕੂਲਾਂ ਤੋਂ ਜੋ ਡਾਟਾ ਇਕੱਤਰ ਕੀਤਾ ਗਿਆ ਉਸ ਨੂੰ ਘੋਖਣ ਉਪਰੰਤ ਕਈ ਕਿਸਮ ਦੀਆਂ ਕਮੀਆਂ ਸਾਹਮਣੇ ਆਈਆਂ ਹਨ ਜੋ ਕਿ ਹੇਠ ਲਿਖੇ ਅਨੁਸਾਰ ਹਨ:-

ੳ) ਪੰਜਾਬ ਰਾਜ ਵਿਚ ਚੱਲ ਰਹੇ ਕਈ ਪ੍ਰਾਈਵੇਟ ਮਾਨਤਾ ਪ੍ਰਾਪਤ ਅਤੇ ਗੈਰ-ਮਾਨਤਾ ਪ੍ਰਾਪਤ ਸਕੂਲ ਇਸ ਸਰਵੇ ਵਿਚ ਕਵਰ ਨਹੀਂ ਕੀਤੇ ਗਏ ਜਿਸ ਨਾਲ ਸਕੂਲਾਂ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੀ ਗਿਣਤੀ ਬਹੁਤ ਘੱਟ ਆਈ ਹੈ।

ਅ) ਬਹੁਤ ਸਾਰੇ ਸਕੂਲਾਂ ਵਿਚ ਸਹੂਲਤਾਂ (ਜਿਵੇਂ ਕਿ ਪੀਣ ਦੇ ਪਾਣੀ ਦਾ ਪ੍ਰਬੰਧ, ਬਿਜਲੀ ਦਾ ਪ੍ਰਬੰਧ, ਪਖਾਨਿਆਂ ਦੀ ਸਹੀ ਸੰਖਿਆ, ਰੈਂਪ ਆਦਿ) ਹੁੰਦੇ ਹੋਏ ਵੀ ਇਨ੍ਹਾਂ ਸਕੂਲਾਂ ਨੇ ਇਨ੍ਹਾਂ ਦਾ ਜਿਕਰ ਸਕੂਲ ਦੇ ਡਾਈਸ ਪ੍ਰਫਾਰਮੇ ਵਿਚ ਜ਼ਾ ਤਾਂ ਕੀਤਾ ਹੀ ਨਹੀਂ ਜ਼ਾ ਗਲਤ ਪ੍ਰਭਾਸ਼ਾ ਦਿੱਤੀ ਹੈ।

ੲ) ਅਧਿਆਪਕਾਂ ਦੀ ਗਿਣਤੀ ਬਾਰੇ ਸਹੀ ਜਾਣਕਾਰੀ (ਜਿਵੇਂ ਕਿ ਪ੍ਰਾਇਮਰੀ, ਅੱਪਰ ਪ੍ਰਾਇਮਰੀ, ਹਾਈ ਅਤੇ ਸੀਨੀਅਰ ਸਕੈਂਡਰੀ ਜਮਾਤਾਂ ਲਈ ਕਿੰਨੇ ਅਧਿਆਪਕ ਹਨ) ਵੀ ਡਾਈਸ ਪ੍ਰਫਾਰਮੇ ਵਿਚ ਸਕੂਲਾਂ ਵਲੋਂ ਸਹੀ ਨਹੀਂ ਭਰੀ ਗਈ।

ਸ) ਮੁੱਖ ਦਫਤਰ ਵਲੋਂ 1504 ਸਕੂਲਾਂ ਦਾ ਸਰਵੇ ਆਪਣੇ ਪੱਧਰ ਤੇ ਕਰਵਾਇਆ ਗਿਆ ਅਤੇ ਨਤੀਜਿਆਂ ਅਨੁਸਾਰ ਇਹ ਗੱਲ ਸਾਹਮਣੇ ਆਈ ਹੈ ਕਿ ਬਹੁਤ ਸਾਰੇ ਸਕੂਲਾਂ ਨੇ ਵਿਦਿਆਰਥੀਆਂ ਦੀ ਗਿਣਤੀ ਅਸਲ ਨਾਲੋਂ ਘੱਟ ਦਿਖਾਈ ਹੈ।

ਹ) ਉਪਰੋਕਤ ਤੋਂ ਇਲਾਵਾ ਹੋਰ ਵੀ ਕਈ ਤੱਥ ਸਾਹਮਣੇ ਆਏ ਹਨ ਜਿਵੇਂ ਕਿ ਮਿਡਲ ਸਕੂਲ ਜਿਨ੍ਹਾਂ ਵਿਚ ਸਿਰਫ ਇੱਕ ਅਧਿਆਪਕ ਹੈ, ਸਕੂਲ ਜਿੱਥੇ ਕਿ ਵਿਦਿਆਰਥੀ ਤਾਂ ਹਨ ਪਰ ਅਧਿਆਪਕ ਕੋਈ ਨਹੀਂ ਆਦਿ।

3.0 ਆਪ ਜੀ ਨੂੰ ਇਹ ਦੱਸਿਆ ਜਾਂਦਾ ਹੈ ਕਿ ਇੱਹ ਆਂਕੜੇ ਹਰ ਸਾਲ ਇਕੱਠੇ ਕਰਨ ਉਪਰੰਤ ਭਾਰਤ ਸਰਕਾਰ ਨੂੰ ਭੇਜੇ ਜਾਂਦੇ ਹਨ ਅਤੇ ਇਨ੍ਹਾਂ ਆਂਕੜਿਆਂ ਦੇ ਅਧਾਰ ਤੇ ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਦਾ ਪਲਾਨ ਤਿਆਰ ਕੀਤਾ ਜਾਂਦਾ ਹੈ। ਇਸ ਨੂੰ ਭਾਰਤ ਸਰਕਾਰ ਵਲੋਂ ਪ੍ਰਵਾਨ ਵੀ ਕੀਤਾ ਜਾਂਦਾ ਹੈ। ਇਸ ਤਰ੍ਹਾਂ ਇਨ੍ਹਾਂ ਆਂਕੜਿਆਂ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ।

4.0 ਪਰੰਤੂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਅਤੇ ਬੀ.ਆਰ.ਪੀ. ਵਲੋਂ ਸਕੂਲਾਂ ਤੋਂ ਇੱਕਤਰ ਕੀਤੇ ਆਂਕੜਿਆਂ ਨੂੰ ਠੀਕ ਤਰਾਂ ਚੈਕ ਨਹੀਂ ਕੀਤਾ ਗਿਆ ਅਤੇ ਨਾਂ ਹੀ ਜਿਲ੍ਹਾ ਪੱਧਰ ਤੇ ਇਨ੍ਹਾਂ ਡਾਈਸ ਪ੍ਰਫਾਰਮਿਆਂ ਦੀ ਠੀਕ ਤਰਾਂ ਵੈਰੀਫਿਕੇਸ਼ਨ ਕੀਤੀ ਗਈ।

5.0 ਆਪ ਜੀ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਜਿਲ੍ਹੇ ਅਤੇ ਬਲਾਕ ਪੱਥਰ ਤੇ ਇਨ੍ਹਾਂ ਪ੍ਰਫਾਰਮਿਆਂ ਨੂੰ ਚੈਕ ਕਰਵਾਉਣ ਅਤੇ ਵੈਰੀਫਾਈ ਕਰਨ ਲਈ ਅਧਿਕਾਰੀਆਂ ਦੀ ਜਿੰਮੇਵਾਰੀ ਫਿਕਸ ਕੀਤੀ ਜਾਵੇ ਅਤੇ ਸਹੀ ਡਾਈਸ ਡਾਟਾ 28.02.2010 ਤੋਂ ਪਹਿਲਾਂ ਪਹਿਲਾਂ ਮੁੱਖ ਦਫਤਰ ਨੂੰ ਜਮਾਂ ਕਰਵਾਇਆ ਜਾਵੇ।

6.0 ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਇਸ ਤੋਂ ਬਾਅਦ ਵੀ ਡਾਈਸ ਦੇ ਅੰਕੜਿਆਂ ਵਿੱਚ ਕੋਈ ਕਮੀ ਪੇਸ਼ੀ ਪਾਈ ਗਈ ਤਾਂ ਉਸ ਦੀ ਸਿੱਧੀ ਜਿੰਮੇਵਾਰੀ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਬੀ.ਆਰ.ਪੀ. ਅਤੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.),(ਐ.ਸਿ.) ਦੀ ਹੋਵੇਗੀ।

7.0 ਇਸ ਸਬੰਧ ਵਿੱਚ ਇਹ ਦਸਿਆ ਜਾਂਦਾ ਹੈ ਕਿ ਮਿਤੀ 01-03-2010 ਨੂੰ 11:00 ਵਜੇ ਸਾਰੇ ਜਿਲ੍ਹਾ ਸਿੱਖਿਆ ਅਫਸਰਾਂ (ਸੈ.ਸਿ.), (ਐ.ਸਿ.) ਅਤੇ ਜਿਲ੍ਹਾ ਐਮ.ਆਈ.ਐਸ. ਕੁਆਰਡੀਨੇਟਰਾਂ ਦੀ ਮੀਟਿੰਗ ਰੱਖੀ ਗਈ ਹੈ। ਇਸ ਮੀਟਿੰਗ ਵਿੱਚ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ। ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਇਸ ਸਬੰਧ ਵਿੱਚ ਕੋਈ ਵੀ ਬਹਾਨੇਬਾਜੀ ਨਹੀਂ ਸੁਣੀ ਜਾਵੇਗੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

ਪੀ.ਅੰ. ਨੰ : 13/2-2009/ਸਸਅ/ਐਮ.ਆਈ.ਐਸ/ਡਾਈਸ/24190 ਮਿਤੀ : 08/02/10

ਉਤਾਰਾ :
1. ਸਕੱਤਰ ਸਕੂਲ ਸਿੱਖਿਆ, ਪੰਜਾਬ
2. ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**